ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ. ਨਗਰ।

(ਅਮਲਾ-1 ਸ਼ਾਖਾ)

ਹੁਕਮ ਨੰਬਰ:-24/99-2018-ਅਮਲਾ-1(1)

ਮਿਤੀ ਮੋਹਾਲੀ :-17/09/2018

ਇਸ ਦਫਤਰ ਵਲੋਂ ਹੁਕਮ ਨੰਬਰ:- 24/99-2018-ਅਮਲਾ-1(1) ਮਿਤੀ 26/06/2018 ਅਨੁਸਾਰ ਸ਼੍ਰੀਮਤੀ ਪਰਮਜੀਤ ਕੌਰ, ਸਾਬਕਾ ਬੀ.ਪੀ.ਈ.ਓ., ਬੁਲੋਵਾਲ (ਹੁਸ਼ਿਆਰਪੁਰ) ਵਿਰੁੱਧ ਜਾਰੀ ਕੀਤੀ ਗਈ ਸੀ ਇਸ ਅਧਿਕਾਰਨ ਵਲੋਂ ਦੋਸ਼ ਸੂਚੀ ਦੇ ਸਬੰਧ ਵਿਚ ਦਿੱਤਾ ਗਿਆ ਜਵਾਬ ਵਿਚਾਰਨ ਉਪਰੰਤ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸ਼੍ਰੀ ਜਗਤਾਰ ਸਿੰਘ, ਡਿਪਟੀ ਡਾਇਰੈਕਟਰ (ਅਮਲਾ) ਦਫਤਰ ਡਾਇਰੈਕਟਰ ਸਿਖਿਆ ਵਿਭਾਗ ਐ:ਸਿ;) ਪੰਜਾਬ, ਮੋਹਾਲੀ ਨੂੰ ਰੈਗੂਲਰ ਪੜਤਾਲ ਕਰਨ ਲਈ ਪੜਤਾਲੀਆ ਅਫਸਰ ਨਿਯੁੱਕਤ ਕੀਤਾ ਜਾਂਦਾ ਹੈ। ਇਸ ਕੇਸ ਵਿਚ ਸੁਪਰਡੰਟ ਅਮਲਾ-1 ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਮੋਹਾਲੀ ਪੇਸ਼ੀ ਅਫਸਰ ਹੋਣਗੇ।

ਇੰਦਰਜੀਤ ਸਿੰਘ

ਡਾਇਰੈਕਟਰ ਸਿਖਿਆ ਵਿਭਾਗ(ਐ:ਸਿ:) ਪੰਜਾਬ

ਪਿੱਠ ਅੰਕਣ ਨੰਬਰ:-ਉਕਤ|9124 ਮਿਤੀ ਮੋਹਾਲੀ:- 24-9-18

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸ਼੍ਰੀ ਜਗਤਾਰ ਸਿੰਘ , ਡਿਪਟੀ ਡਾਇਰੈਕਟਰ (ਅਮਲਾ) ਦਫਤਰ ਵਿਚ ਹੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਮਾਮਲੇ ਸਬੰਧੀ ਤੱਥਾਂ/ਰਿਕਾਰਡ ਦੇ ਅਧਾਰ ਤੇ ਰੈਗੂਲਰ ਪੜਤਾਲ ਕਰਕੇ ਪੜਤਾਲ ਰਿਪੋਰਟ ਹਰ ਪੱਖੋਂ ਮੁਕੰਮਲ ਕਰਕੇ ਸਮੇਤ ਟਿੱਪਣੀ/ਸਿਫਾਰਸ਼ 30 ਦਿਨਾਂ ਦੇ ਅੰਦਰ-ਅੰਦਰ ਹਰ ਹਾਲਤ ਵਿਚ ਪੇਸ਼ ਕੀਤੀ ਜਾਵੇ।
2. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਹੁਸ਼ਿਆਰਪੁਰ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਨਾਲ ਅਸਲ ਰਿਕਾਰਡ ਪੜਤਾਲੀਆ ਅਫਸਰ ਨੂੰ ਨਿੱਜੀ ਪੱਧਰ ਤੇ ਹਰ ਹਾਲਤ ਵਿਚ ਪੜਤਾਲ ਲਈ ਪੇਸ਼ ਕੀਤਾ ਜਾਵੇ। ਇਸ ਮਾਮਲੇ ਵਿਚ ਕਿਸੇ ਕਿਸਮ ਦੀ ਕੋਈ ਅਣਗਹਿਲੀ ਜਾਂ ਢਿੱਲ ਨਾ ਵਰਤੀ ਜਾਵੇ। ਇਹਨਾਂ ਹੁਕਮਾਂ ਦੀ ਕਾਪੀ ਸਬੰਧਤਾਂ ਨੂੰ ਆਪਣੇ ਪੱਧਰ ਤੇ ਵੀ ਰਸੀਵ ਕਰਵਾ ਕੇ ਪੜਤਾਲ ਵਿਚ ਸ਼ਾਮਲ ਹੋਣ ਦੀ ਹਦਾਇਤ ਕੀਤੀ ਜਾਵੇ। ਇਸ ਸਬੰਧੀ ਕੀਤੀ ਗਈ ਕਾਰਵਾਈ ਸਬੰਧੀ ਪਾਲਣਾ ਰਿਪੋਰਟ ਇਸ ਦਫਤਰ ਨੂੰ ਤੁਰੰਤ ਲਿਖਤੀ ਰੂਪ ਵਿਚ ਪੇਸ਼ ਕੀਤੀ ਜਾਵੇ।
3. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਬੁਲੋਵਾਲ (ਹੁਸ਼ਿਆਰਪੁਰ) ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਾਮਲੇ ਨਾਲ ਅਸਲ ਰਿਕਾਰਡ ਪੜਤਾਲੀਆ ਅਫਸਰ ਨੂੰ ਨਿੱਜੀ ਪੱਧਰ ਤੇ ਹਰ ਹਾਲਤ ਵਿਚ ਪੜਤਾਲ ਲਈ ਪੇਸ਼ ਕੀਤਾ ਜਾਵੇ।ਇਸ ਮਾਮਲੇ ਵਿਚ ਕਿਸੇ ਕਿਸਮ ਦੀ ਕੋਈ ਅਣਗਹਿਲੀ ਜਾਂ ਢਿੱਲ ਨਾ ਵਰਤੀ ਜਾਵੇ।
4. ਸੁਪਰਡੰਟ (ਅਮਲਾ-1) ਦਫਤਰ ਵਿਚ ਹੀ।
5. ਸ਼੍ਰੀਮਤੀ ਪਰਮਜੀਤ ਕੌਰ, ਬੀ.ਪੀ.ਈ.ਓ. ਬੁਲੋਵਾਲ ਮਾਰਫਤ, ਜਿਲ੍ਹਾ ਸਿਖਿਆ ਅਫਸਰ (ਐ;ਸਿ:) ਹੁਸ਼ਿਆਰਪੁਰ।
6. ਐਮ.ਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਮੋਹਾਲੀ ਨੂੰ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਲਈ।

24/9/18

ਸਹਾਇਕ ਡਾਇਰੈਕਟਰ (ਅਮਲਾ)